# SAHIT TE SAHIT-SIDHANTKARI: SIDHANTAK SANDARBH

# ਸਿਧਾਂਤ ਤੇ ਸਾਹਿਤ-ਸਿਧਾਂਤਕਾਰੀ: ਸਿਧਾਂਤਕ ਸੰਦਰਭ

ਦਵਿੰਦਰ ਕੁਮਾਰ (Davinder Kumar)

ਖੋਜਾਰਥੀ, ਪੰਜਾਬੀ ਵਿਭਾਗ

ਹਿਮਾਚਲ ਪ੍ਰਦੇਸ ਕੇਂਦਰੀ ਯੂਨੀਵਰਸਿਟੀ,ਧਰਮਸ਼ਾਲਾ, ਹਿਮਾਚਲ ਪ੍ਰਦੇਸ।

Email ID: davinder88516@gmail.Com ਮੋਬਾਈਲ: +91- 88476-97139

**ABSTRACT**

*ਸਾਹਿਤ ਸਿਧਾਂਤ ਸਾਡੇ ਜੀਵਣ ਅਤੇ ਸਾਹਿਤ ਵਿੱਚ ਅਰਥਪੂਰਨ ਪਹਿਚਾਣ ਰੱਖਦਾ ਹੈ। ਸਿਧਾਂਤ ਦਾ ਅਧਾਰ ਸ੍ਰੋਤ ਤੱਥ ਹਨ। ਇਨਾਂ ਤੱਥਾਂ ਦੀ ਵਿਆਖਿਆ-ਵਿਸ਼ਲੇਸ਼ਣ ਦੀ ਨੀਤੀ ਤੋਂ ਸਿਧਾਂਤ ਦੀ ਉਤਪਤੀ ਹੁੰਦੀ ਹੈ ਅਤੇ ਫਿਰ ਇਹ ਸਿਧਾਂਤ ਲੰਮੇ ਸਮੇਂ ਦੀ ਘਾਲਣਾ ਵਿਚੋਂ ਗੁਜ਼ਰ ਕੇ ਆਪਣੀ ਪ੍ਰਮਾਣਿਕਤਾ ਨਿਰਧਾਰਿਤ ਕਰਦਾ ਹੋਇਆ ਸੁੰਤਤਰ ਹੋਂਦ ਦਾ ਧਾਰਨੀ ਬਣਦਾ ਹੈ। ਕੋਈ ਵੀ ਸਿਧਾਂਤ ਸਥਿਰ ਵਰਤਾਰਾ ਨਹੀਂ ਹੈ ਸਗੋਂ ਇਸ ਵਿਚ ਸਮੇਂ, ਸਥਾਨ ਅਤੇ ਸਥਿਤੀਆਂ ਦੇ ਅਧਾਰ ਤੇ ਪਰਿਵਤਨ ਆਉਂਦਾ ਰਹਿੰਦਾ ਹੈ। ਇਸ ਨੂੰ ਅਸੀਂ ਸਿਧਾਂਤਕ ਗਤੀਸ਼ੀਲਤਾ ਦਾ ਵੀ ਨਾਮ ਦੇ ਸਕਦੇ ਹਾਂ। ਇਕ ਸਾਹਿਤਕਾਰ ਸਮਾਜ ਵਿਚ ਰਹਿੰਦਾ ਹੋਇਆ ਸਮਾਜਿਕ ਵਰਤਾਰੇ ਵਿਚੋਂ ਜੋ ਅਨੁਭਵ ਗ੍ਰਹਿਣ ਕਰਦਾ ਹੈ ਉਸ ਅਨੁਭਵ ਨੂੰ ਰਚਨਾ ਦੇ ਰੂਪ ਵਿਚ ਅਭਿਵਿਅਕਤ ਕਰਕੇ ਪੇਸ਼ ਕਰਦਾ ਹੈ। ਇਸ ਅਭਿਵਿਅਕਤੀ ਦਾ ਉਦੇਸ਼ ਸਮਾਜ ਨੂੰ ਜਾਣਕਾਰੀ ਹਿਤ ਜਾਂ ਸੋਧ ਹਿਤ ਹੋ ਸਕਦਾ ਹੈ। ਸਾਹਿਤ ਕਿਸੇ ਹਵਾ ਵਿਚ ਪੈਦਾ ਨਹੀਂ ਹੁੰਦਾ ਸਗੋਂ ਸਮਾਜ ਵਿਚ ਵਿਚਰਦੀਆਂ ਘਟਨਾਵਾਂ ਅਤੇ ਤਜ਼ਰਬਿਆਂ ਦੁਆਰਾ ਪੈਦਾ ਹੁੰਦਾ ਹੈ। ਜਿਸ ਤਰਾਂ ਦਾ ਸਮਾਜ ਹੁੰਦਾ ਹੈ ਉਸੇ ਤਰ੍ਹਾਂ ਦਾ ਸਾਹਿਤ ਰਚਿਆ ਜਾਂਦਾ ਹੈ। ਸਮੇਂ ਦੀਆਂ ਬਦਲਦੀਆ ਪ੍ਰਸਿਥੀਆਂ ਵਿਚੋਂ ਸਾਹਿਤ ਅਤੇ ਸਿਧਾਂਤ ਆਪਣੀ ਹੋਂਦ ਗ੍ਰਹਿਣ ਕਰਦਾ ਹੈ। ਸਾਹਿਤ ਅਤੇ ਸਾਹਿਤ ਸਿਧਾਂਤ ਆਪਣੇ ਆਪ ਵਿਚ ਅੰਤਰ-ਸੰਬੰਧ ਹਨ।*

***ਕੀਵਰਡ :** ਸਾਹਿਤ, ਸਿਧਾਂਤ, ਸਿਧਾਂਤਕਾਰੀ, ਮਾਰਕਸਵਾਦ, ਪਦਾਰਥਵਾਦ, ਮਨੁੱਖੀ ਚੇਤਨਾ, ਸਾਹਿਤ ਸ਼ਾਸਤਰ, ਆਲੋਚਨਾਤਮਕ ਪਾਠ, ਵਿਗਿਆਨਕ, ਦਾਰਸ਼ਨਿਕ, ਅਨੁਸ਼ਾਸਨ, ਸਮੀਖਿਆ, ਮੈਟਾ-ਆਲੋਚਨਾ, ਰਚਨਾ ਪਾਠ।*

ਹੱਥਲਾ ਖੋਜ-ਪੱਤਰ ਸਾਹਿਤ ਅਤੇ ਸਾਹਿਤ ਸਿਧਾਂਤ ਦੀ ਸਿਧਾਂਤਕਾਰੀ ਸੰਬੰਧੀ ਹੈ। ਇਸ ਵਿਚ ਵੱਖ-ਵੱਖ ਚਿੰਤਕਾਂ ਦੀਆਂ ਸਾਹਿਤ ਅਤੇ ਸਾਹਿਤ ਸਿਧਾਂਤ ਬਾਰੇ ਪੇਸ਼ ਕੀਤੀਆਂ ਧਾਰਨਾਵਾਂ ਨੂੰ ਅਧਾਰ ਬਣਾ ਕੇ ਸਾਹਿਤ ਸਿਧਾਂਤ ਦੀ ਸਿਧਾਂਤਕਾਰੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸਦਾ ਮਨੋਰਥ ਸਾਹਿਤ, ਸਿਧਾਂਤ ਅਤੇ ਸਾਹਿਤ ਸਿਧਾਂਤਕਾਰੀ ਦੇ ਅਰਥ ਘੇਰਿਆਂ ਨੂੰ ਨਿਰਧਾਰਿਤ ਕਰਨਾ ਹੈ। ਇਸ ਦੇ ਨਾਲ ਹੀ ਇਹਨਾਂ ਸੰਕਲਪਾਂ ਦੀ ਅੰਤਰ-ਸੰਬੰਧਤਾ ਦੀ ਉਸਾਰੀ ਕਰਨਾ ਵੀ ਹੋਵੇਗਾ। ਸਿਧਾਂਤ ਸੰਸਕ੍ਰਿਤ ਦਾ ਸ਼ਬਦ ਹੈ, ਇਹ ਸ਼ਬਦ ਸਿੱਧ+ਅੰਤ ਦੋ ਸ਼ਬਦਾਂ ਤੋਂ ਮਿੱਲ ਕੇ ਬਣਿਆ ਹੈ। ਜਿਸ ਦਾ ਅਰਥ 'ਅੰਤ ਨੂੰ ਸਿੱਧ ਹੋਈ ਬਾਤ' ਹੈ। ਇਹ ਅੰਗਰੇਜ਼ੀ ਦੇ ਸ਼ਬਦ 'ਥਿਊਰੀ' ਦਾ ਸਮਾਨਾਰਥੀ ਹੈ। ਇਸ ਦਾ ਪ੍ਰਯੋਗ ਖੇਤਰ ਬਹੁਤ ਵਿਸ਼ਾਲ ਹੈ। ਇਕ ਇਹ ਵੀ ਧਾਰਨਾ ਹੈ ਕਿ ਪੁਰਾਣੇ ਸਮਿਆਂ ਵਿਚ ਜਦੋਂ ਕੋਈ ਵਿਅਕਤੀ ਕਠੋਰ ਤੱਪਸਿਆ ਕਰਕੇ ਆਲੋਕਿਕ ਸ਼ਕਤੀਆਂ ਪ੍ਰਾਪਤ ਕਰ ਲੈਂਦਾ ਸੀ ਤਾਂ ਇਨਾਂ ਸ਼ਕਤੀਆਂ ਨੂੰ ਪ੍ਰਾਪਤ ਕਰਨ ਕਰਕੇ ਉਸ ਨੂੰ ਸਿੱਧ ਦਾ ਦਰਜ਼ਾ ਦਿੱਤਾ ਜਾਂਦਾ ਸੀ। ਫਿਰ ਜਿਵੇਂ-ਜਿਵੇਂ ਵਿਗਿਆਨ ਅਤੇ ਤਕਨਾਲੋਜੀ ਦਾ ਵਿਕਾਸ ਹੋਇਆ ਉਸ ਦੇ ਨਾਲ ਮਨੁੱਖ ਦੀ ਤਰਕਸ਼ੀਲ ਚੇਤਨਾ ਵੀ ਵਿਕਸਿਤ ਹੁੰਦੀ ਰਹੀ। ਮਨੁੱਖ ਨੇ ਸਮੇਂ ਦੀਆਂ ਘਟਨਾਵਾਂ ਅਤੇ ਸਥਿਤੀਆਂ ਦੀ ਪਰਖ ਅਤੇ ਪੜਚੋਲ ਕਰਕੇ ਜੋ ਪੈਮਾਨੇ ਅਤੇ ਪ੍ਰਤੀਮਾਨ ਸਥਾਪਿਤ ਕੀਤੇ ਉਹਨਾਂ ਨੂੰ ਅੱਜ ਅਸੀਂ ਸਿਧਾਂਤ ਦਾ ਨਾਮ ਦਿੰਦੇ ਹਾਂ। ਸਿਧਾਂਤ ਦੀ ਉੱਤਪਤੀ ਪਿਛੇ ਸਿਧਾਂਤਕਾਰ ਦੀ ਦ੍ਰਿੜ, ਘੋਖਵੀ ਅਤੇ ਪ੍ਰਮਾਣਿਕ ਦ੍ਰਿਸ਼ਟੀ ਵਿਸ਼ੇਸ਼ ਰੂਪ ਵਿਚ ਕਾਰਜਸ਼ੀਲ ਹੁੰਦੀ ਹੈ। ਕਿਸੇ ਵੀ ਖੇਤਰ ਵਿਚ ਇਕ ਸਿਧਾਂਤ ਦੀ ਪ੍ਰਾਪਤੀ ਲਈ ਸਿਧਾਂਤਕਾਰ ਪਹਿਲਾ ਤੱਥਾਂ ਦਾ ਇੱਕਤ੍ਰੀਕਰਨ ਕਰਦਾ ਹੈ ਫਿਰ ਇਨ੍ਹਾਂ ਤੱਥਾਂ ਦੇ ਅਧਾਰ ਉੱਤੇ ਕੋਈ ਸਿਧਾਂਤ ਨਿਰਧਾਰਿਤ ਕਰਨ ਦਾ ਯਤਨ ਕਰਦਾ ਹੈ। ਹਰਿਭਜਨ ਸਿੰਘ ਦੀਆਂ ਹੇਠਲੀਆਂ ਸਤਰਾਂ ਸਿਧਾਂਤ ਦੀ ਪਰਿਭਾਸ਼ਾ ਨੂੰ ਸੱਪਸ਼ਟਤਾ ਪ੍ਰਦਾਨ ਕਰਦੀ ਨਜ਼ਰ ਆਉਂਦੀਆਂ ਹਨ:

*ਮਨੁਖੀ ਚੇਤਨਾ ਦੇ ਵਿਕਾਸ ਲਈ ਤੱਥ ਤੋਂ ਕਿਤੇ ਵਧੀਕ ਸਿਧਾਂਤ ਦਾ*

*ਮਹੱਤਵ ਹੈ ਕਿਉਂਕਿ ਸਿਧਾਂਤ ਤੱਥ ਦਾ ਅਰਥ ਹੈ। ਸਿਧਾਂਤ ਦੀ ਪ੍ਰਾਪਤੀ ਤੱਥ-ਪ੍ਰਾਪਤੀ ਤੋਂ ਰਤਾ ਕੁ ਪੱਛੜ ਕੇ ਅਤੇ ਸਹਿਜ ਗਤੀ ਨਾਲ ਹੁੰਦੀ ਹੈ, ਪਰ ਹੈ ਇਹ ਅਤਿਅੰਤ ਮਹੱਤਵ-ਸ਼ਾਲੀ ਪ੍ਰਾਪਤੀ।*[1]

ਇਸ ਧਾਰਨਾ ਤੋਂ ਸੱਪਸ਼ਟ ਹੋ ਜਾਂਦਾ ਹੈ ਕਿ ਸਿਧਾਂਤ ਭਾਵੇਂ ਤੱਥ 'ਤੇ ਅਧਾਰਿਤ ਹੁੰਦਾ ਹਨ ਪਰ ਇਸ ਦੀ ਹੋਂਦ ਸਿਧਾਂਤ ਤੋਂ ਪਹਿਲਾ ਅਰਥ ਰੱਖਦੀ ਹੈ। ਤੱਥ ਦੇ ਅਧਾਰ 'ਤੇ ਸਿਧਾਂਤ ਸਹਿਜ ਗਤੀ ਨਾਲ ਆਪਣਾ ਅਰਥ ਗ੍ਰਹਿਣ ਕਰਦਾ ਹੋਇਆ ਤੱਥ ਨਾਲੋਂ ਜ਼ਿਆਦਾ ਪ੍ਰਮਾਣਿਕਤਾ ਦਾ ਧਾਰਣੀ ਬਣ ਜਾਂਦਾ ਹੈ।

ਸਿਧਾਂਤ ਦੀ ਹੋਂਦ ਨੂੰ ਅਸੀਂ ਰੱਦ ਨਹੀਂ ਕਰ ਸਕਦੇ ਹਾਂ ਪਰ ਉਸ ਵਿਚ ਸਮੇਂ ਅਤੇ ਸਥਾਨ ਦੀ ਗਤੀਸ਼ੀਲਤਾ ਦੇ ਅਧਾਰ ਉੱਤੇ ਕੁੱਝ ਪਰਿਵਰਤਨ ਆਉਂਣੇ ਲਾਜ਼ਮੀ ਹਨ। ਇਕ ਸਿਧਾਂਤ ਤੱਥ ਦੇ ਅਧਾਰ ਉੱਤੇ ਆਪਣੀ ਹੋਂਦ ਗ੍ਰਹਿਣ ਕਰਦਾ ਹੈ ਜਿਸ ਕਰਕੇ ਇਸ ਵਿਚ ਕਲਪਣਾ ਅਤੇ ਅਨੁਭਾਵਾਂ ਦੇ ਵਹਾਅ ਦੀ ਅਣਹੋਂਦ ਹੁੰਦੀ ਹੈ। ਇਸ ਸੰਬੰਧੀ ਡਾ.ਪਿਆਰ ਸਿੰਘ ਕਲਪਣਾ ਅਤੇ ਸਿਧਾਂਤ ਦਾ ਤੁਲਨਾਤਮਿਕ ਅਧਿਐਨ ਕਰਦਾ ਹੋਇਆ ਇਹ ਮਤ ਸਥਾਪਿਤ ਕਰਦਾ ਹੈ:

*ਪ੍ਰਾਕਲਪਨਾ ਦੇ ਤੁਰਦੇ ਸਾਰ ਰੱਦ ਹੋ ਜਾਣ ਦੀ ਸੰਭਾਵਨਾ ਬਣੀ ਰਹਿੰਦੀ ਹੈ, ਸਿਧਾਂਤ ਦੀਹਾਲਤ ਵਿਚ ਅਜਿਹਾ ਕੋਈ ਤੌਖਲਾ ਨਹੀਂ ਹੁੰਦਾ। ਇਹ ਠੀਕ ਹੈ ਕਿ ਸਿਧਾਂਤ ਵਿਚ ਊਣਤਾਈ ਹੋ ਸਕਦੀ ਹੈ, ਪਰੰਤੂ ਉਸ ਦੇ ਅਸਲੋਂ ਰੱਦ ਹੋ ਜਾਣ ਦਾ ਭੈ ਨਹੀਂ ਹੁੰਦਾ, ਕਿਉਂ ਜੋ ਉਹ ਪਹਿਲਾਂ ਕੁਝ ਹਾਲਤਾਂ ਵਿਚ ਠੀਕ ਹੋ ਚੁਕਿਆ ਹੁੰਦਾ ਹੈ।* [2]

ਸਿਧਾਂਤ ਸੰਬੰਧੀ ਰੈਨੇ ਵੇਲਕ ਅਤੇ ਅਸਟੀਨ ਵਰੈਨ ਦੀ ਧਾਰਨਾ ਜੋ ਡਾ.ਹਰਿਭਜਨ ਸਿੰਘ ਭਾਟੀਆ ਦੀ ਪੁਸਤਕ 'ਪੰਜਾਬੀ ਆਲੋਚਨਾ:ਸਿਧਾਂਤ ਤੇ ਵਿਹਾਰ'ਵਿਚ ਦਰਜ਼ ਹੈ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ:

*ਸਿੱਧਾਂਤ ਮਿਆਰਾਂ, ਮਾਨਦੰਡਾਂ, ਕੱਸਵੱਟੀਆਂ, ਸੰਦਾਂ ਜਾਂ ਨੇਮਾਂ ਦਾ ਪ੍ਰਬੰਧ ਹੈ।*[3]

ਉਪਰੋਕਤ ਧਾਰਨਾਵਾਂ ਤੋਂ ਸਿੱਧ ਹੁੰਦਾ ਹੈ ਕਿ ਸਿਧਾਂਤ ਤਰਕ ਆਧਾਰਿਤ ਨਿਯਮਾਂ ਨੂੰ ਕਿਹਾ ਜਾਂਦਾ ਹੈ। ਇਹਨਾਂ ਨਿਯਮਾਂ ਵਿਚ ਕਲਪਣਾ ਲਈ ਕੋਈ ਥਾਂ ਨਹੀਂ ਹੁੰਦੀ।

ਕਿਸੇ ਵੀ ਖੇਤਰ ਵਿਚ ਵਿਵਹਾਰਕ ਕਾਰਜ ਨੂੰ ਵਧੇਰੇ ਸਾਰਥਕ ਬਣਾਉਣ ਲਈ ਉਸ ਵਿਚ ਅਨੁਸ਼ਾਸ਼ਣ ਹੋਣਾ ਜ਼ਰੂਰੀ ਹੈ ਅਤੇ ਬਿਨਾ ਅਨੁਸ਼ਾਸ਼ਣ ਦੇ ਕਾਰਜ ਨਿਰਾਰਥਕ ਅਤੇ ਵਿਅਰਥ ਹੋ ਜਾਂਦਾ ਹੈ। ਅਨੁਸ਼ਾਸ਼ਣ ਲਈ ਸਿਧਾਂਤ ਦਾ ਹੋਣਾ ਜ਼ਰੂਰੀ ਹੋ ਜਾਂਦਾ ਹੈ। ਇਸੇ ਤਰਾਂ ਹੀ ਸਿਧਾਂਤ ਵੀ ਉਦੋਂ ਹੀ ਸਾਰਥਕਤਾ ਗ੍ਰਹਿਣ ਕਰਦਾ ਹੈ ਜਦੋਂ ਉਸ ਨੂੰ ਵਿਹਾਰਕ ਰੂਪ ਵਿਚ ਕਾਰਜ ਅਧੀਨ ਲਿਆਇਆ ਜਾਂਦਾ ਹੈ। ਕੋਈ ਸਿਧਾਂਤ ਆਪਣੇ ਕਾਰਜ ਖੇਤਰ ਵਿਚ ਆਪਣੀ ਕੁਸ਼ਲਤਾ ਅਤੇ ਸਾਰਥਕਤਾ ਸਾਬਿਤ ਕਰਕੇ ਪ੍ਰਮਾਣਿਕਤਾ ਗ੍ਰਹਿਣ ਕਰਦਾ ਹੈ। ਇਸ ਤਰਾਂ ਸਿਧਾਂਤ ਅਤੇ ਵਿਹਾਰਿਕ ਅਮਲ ਵਿਚ ਰਿਸ਼ਤਾ ਬਹੁਤ ਡੂੰਘਾ ਸਥਾਪਿਤ ਹੋ ਜਾਂਦਾ ਹੈ। ਇਨ੍ਹਾਂ ਦੋਵਾਂ ਦੀ ਪਰਸਪਰ ਕਾਰਜਸ਼ੀਲਤਾ ਸਿਧਾਂਤ ਵਿਚ ਗਤੀਸ਼ੀਲਤਾ ਤੇ ਨਵੇਕਲਾਪਨ ਲਿਆਉਂਦੀ ਹੈ।

ਕੋਈ ਵੀ ਸਿਧਾਂਤ ਹਵਾ ਵਿਚ ਹੀ ਪੈਦਾ ਨਹੀਂ ਹੋ ਜਾਂਦਾ ਅਤੇ ਨਾ ਹੀ ਇਹ ਕਿਸੇ ਅਵੇਸ਼ ਜਾਂ ਫੌਰੀ ਸਥਿਤੀ ਵਿਚ ਆ ਕੇ ਆਪਣਾ ਵਜੂਦ ਗ੍ਰਹਿਣ ਕਰਦਾ ਹੈ ਸਗੋਂ ਇਹ ਵਸਤੂ-ਪਾਠ ਦੇ ਲੰਮੇ ਅਧਿਐਨ ਵਿਚੋਂ ਆਪਣਾ ਵਜੂਦ ਗ੍ਰਹਿਣ ਕਰਦਾ ਹੈ। ਸਿਧਾਂਤ ਦੀ ਵਰਤੋਂ ਇਕ ਸਾਹਿਤ ਸਾਸ਼ਤਰੀ ਰਚਨਾ ਪਾਠ ਦੇ ਵਿਸ਼ਲੇਸ਼ਣ ਅਤੇ ਸਿੱਟੇ ਸਥਾਪਤ ਕਰਨ ਲਈ ਕਰਦਾ ਹੈ। ਇਕ ਸਾਹਿਤ ਸਾਸ਼ਤਰੀ ਰਚਨਾ ਪਾਠ ਦਾ ਵਿਸ਼ਲੇਸ਼ਣ ਕਰਨ ਲਈ ਯੋਗ ਸਿਧਾਂਤ ਦੀ ਵਰਤੋਂ ਕਰਦਾ ਹੈ, ਉਹ ਅਪਣੇ ਸਿਧਾਂਤ ਨੂੰ ਰਚਨਾ ਪਾਠ ਤੇ ਥੋਪਦਾ ਨਹੀਂ ਹੈ। ਇਸ ਵਿਸ਼ਲੇਸ਼ਣ ਨਾਲ ਇਕ ਸਾਹਿਤ ਸਾਸ਼ਤਰੀ ਰਚਨਾ ਪਾਠ ਉਨ੍ਹਾਂ ਪੱਖਾਂ ਨੂੰ ਉਘਾੜਣ ਦੇ ਯੋਗ ਹੁੰਦਾ ਹੈ ਜਿਸ ਨੂੰ ਇਕ ਆਮ ਪਾਠਕ ਬਿਨਾਂ ਸਿਧਾਂਤਕ ਸਮਝ ਦੇ ਪਛਾਣ ਨਹੀਂ ਸਕਦਾ ਹੈ। ਡਾ.ਹਰਿਭਜਨ ਸਿੰਘ ਭਾਟੀਆ ਦੀ ਇਹ ਧਾਰਨਾ ਇਥੇ ਦਰੁਸਤ ਜਾਪਦੀ ਹੈ:

*ਸਿਧਾਂਤ ਦੀ ਸਿਰਜਣਾ ਆਵੇਸ਼ ਜਾਂ ਮਨਨ ਵਿਚੋਂ ਨਹੀਂ ਬਲਕਿ ਪਾਠਾਂ ਦੀ ਲੰਮੀ ਪਰੰਪਰਾ ਵਿਚ ਦੁਹਰਾਏ ਗੁਣਾਂ ਦੇ ਮੰਥਨ ਵਿਚੋਂ ਹੁੰਦੀ ਹੈ। ਅਧਿਏਤਾ ਪ੍ਰਾਪਤ ਸਿੱਧਾਂਤ ਨੂੰ ਆਲੋਚਨਾ-ਪਾਠਾਂ ਦੀ ਸਮਝ ਲਈ ਵਰਤੋਂ ਵਿਚ ਤਾਂ ਲਿਆਉਂਦਾ ਹੈ ਪਰ ਇਸ ਨੂੰ ਆਰੋਪਿਤ ਨਹੀਂ ਕਰਦਾ।*[4]

ਕੋਈ ਵੀ ਸਾਹਿਤਕ ਰਚਨਾ ਉਦੋਂ ਸਾਰਥਿਕਤਾ ਗ੍ਰਹਿਣ ਕਰਦੀ ਹੈ ਜਦੋਂ ਉਸ ਰਚਨਾ ਵਿਚ ਲੁਕੇ ਅਰਥਾਂ ਨੂੰ ਇਕ ਪਾਠਕ ਸਮਝ ਲੈਂਦਾ ਹੈ ਪਰ ਇਕ ਪਾਠਕ ਲਈ ਰਚਨਾ ਦੇ ਅਰਥਾਂ ਨੂੰ ਅੰਦਰ ਤੱਕ ਸਮਝਣਾ ਸਿਧਾਂਤ ਤੋਂ ਬਿਨਾਂ ਅਸੰਭਵ ਹੈ। ਇਸ ਕਾਰਜ਼ ਦੀ ਪੂਰਤੀ ਲਈ ਸਾਹਿਤ-ਸਿਧਾਂਤ ਵਿਸ਼ੇਸ਼ ਅਰਥ ਰੱਖਦਾ ਹੈ। ਸਾਹਿਤ ਦੇ ਖੇਤਰ ਵਿਚ ਸਾਹਿਤ-ਸਿਧਾਂਤਕਾਰੀ ਦੀ ਲੋੜ ਨੂੰ ਇਸ ਧਾਰਨਾ ਨਾਲ ਸੱਪਸ਼ਟ ਕੀਤਾ ਜਾ ਸਕਦਾ ਹੈ:

*ਸਾਹਿਤ ਦੀ ਸਿਧਾਂਤਕਾਰੀ ਦਾ ਮਾਮਲਾ ਗੰਭੀਰ ਅਤੇ ਮਹੱਤਵਪੂਰਨ ਇਸ ਕਰਕੇ ਹੈ ਕਿ ਸਾਹਿਤ ਦੇ ਅੰਦਰੂਨੀ ਅਰਥਾਂ ਤੀਕ ਇਸ ਤੋਂ ਬਿਨਾਂ ਪਹੁੰਚਣਾ ਅਸੰਭਵ ਹੈ। ਵਿਭਿੰਨ ਸਾਹਿਤ-ਸਿੱਧਾਂਤ, ਸਾਹਿਤ-ਪਾਠ ਦੀਆਂ ਧੁਰ-ਡੂੰਘਾਣਾਂ ਤੇ ਪ੍ਰਯੋਜਨਾਂ ਤੱਕ ਲਿਜਾਣ ਲਈ ਵਿਗਿਆਨਕ ਤੇ ਤਾਰਕਿਕ ਭੂਮਿਕਾ ਨਿਭਾਉਂਦੇ ਹਨ।* [5]

ਸਿਧਾਂਤ ਨੂੰ ਅਸੀਂ ਇਕ ਅਜਿਹੇ ਅਨੁਸ਼ਾਸ਼ਣਾਂ ਦੇ ਸਮੂਹ ਵਜੋਂ ਸਵਿਕਾਰ ਕਰਦੇ ਹਾਂ ਜਿਸ ਦੁਆਰਾ ਕਿਸੇ ਸਾਹਿਤਕ ਰਚਨਾ ਦੇ ਉਦੇਸ਼ਾਂ, ਮਾਪਦੰਡਾ ਅਤੇ ਬਣਤਰ ਨੂੰ ਧਿਆਨ ਵਿਚ ਰੱਖਦੇ ਹੋਏ ਉਸ ਰਚਨਾ ਦਾ ਮੁਲਾਂਕਣ ਕੀਤਾ ਜਾਂਦਾ ਹੈ। ਇਸ ਮੁਲਾਂਕਣ ਦੁਆਰਾ ਹੀ ਰਚਨਾ ਜਾਂ ਤਾਂ ਆਪਣੀ ਸਾਰਥਿਕਤਾ ਨਿਰਧਾਰਿਤ ਕਰਦੀ ਹੋਈ ਸਾਹਿਤ ਦਾ ਦਰਜ਼ਾ ਪ੍ਰਾਪਤ ਕਰ ਜਾਂਦੀ ਹੈ ਜਾਂ ਫਿਰ ਸਿਧਾਂਤਾਂ ਦੇ ਮਾਪਦੰਡਾਂ ਦੇ ਅਧਾਰ ਉੱਤੇ ਯੋਗ ਨਾ ਹੋ ਕੇ ਅਣ-ਸਾਹਿਤ ਦੀ ਸ਼੍ਰੇਣੀ ਵਿਚ ਆ ਜਾਂਦੀ ਹੈ। ਇਸ ਸੰਬੰਧੀ ਐਮ.ਐਚ.ਅਬਰਾਹਮਜ ਦੀ ਇਹ ਧਾਰਨਾ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ ਜਿਸ ਨਾਲ ਸਥਿਤੀ ਹੋਰ ਸੱਪਸ਼ਟ ਹੋ ਜਾਂਦੀ ਹੈ:

*In the sense of general principals, together with a set of terms Distinctions, and categories, to be applied to identifying and Analyzing works of literature, as well as the criteria by which these works and their writers are to be evaluated.*[6]

ਇਸ ਧਾਰਨਾ ਤੋਂ ਸੱਪਸ਼ਟ ਹੈ ਕਿ ਸਿਧਾਂਤ ਦੀ ਵਰਤੋਂ ਸਾਹਿਤਕ ਰਚਨਾਵਾਂ ਦੀ ਪ੍ਰਕ੍ਰਿਤੀ ਅਤੇ ਪਹੁੰਚ ਵਿਧੀਆਂ ਦੀ ਪਛਾਣ ਹਿੱਤ ਕੀਤੀ ਜਾਂਦੀ ਹੈ। ਰਚਨਾਵਾਂ ਦੀ ਸਾਰਥਕਤਾ ਨੂੰ ਨਿਰਧਾਰਿਤ ਕਰਨ ਲਈ ਸਿਧਾਂਤ ਨੂੰ ਘੜਨਾ ਜ਼ਰੂਰੀ ਹੋ ਜਾਂਦਾ ਹੈ। ਇਸ ਨਾਲ ਸੰਬੰਧਿਤ ਇਕ ਧਾਰਨਾ ਇਸ ਨੂੰ ਹੋਰ ਸੱਪਸ਼ਟ ਕਰ ਦਿੰਦੀ ਹੈ:

*ਸਿੱਧਾਂਤਕਾਰ ਤਾਂ ਸਾਹਿਤ ਤੱਥਾਂ ਦਾ ਮੰਥਨ ਸਾਹਿਤ ਦੀ ਪ੍ਰਕ੍ਰਿਤੀ, ਪ੍ਰਯੋਜਨ, ਵਿਭਿੰਨ ਸੰਕਲਪਾਂ ਨੂੰ ਪਰਿਭਾਸ਼ਤ ਕਰਨ ਅਤੇ ਪ੍ਰਣਾਲੀਆਂ/ਪਹੁੰਚਾਂ/ਵਿਧੀਆਂ ਦੀ ਪਛਾਣ ਹਿਤ ਕਰਦਾ ਹੈ।* [7]

ਇਸ ਧਾਰਨਾ ਤੋਂ ਸੱਪਸ਼ਟ ਹੁੰਦਾ ਹੈ ਕਿ ਇਕ ਸਿਧਾਂਤਕਾਰ ਸਾਹਿਤ ਦੀ ਪ੍ਰਕ੍ਰਿਤੀ, ਮਨੋਰਥ, ਸੰਕਲਪ ਅਤੇ ਉਸ ਦੀਆਂ ਪਹੁੰਚ ਵਿਧੀਆਂ ਦੀ ਪਛਾਣ ਲਈ ਸਿਧਾਂਤਕ ਅਨੁਸ਼ਾਸ਼ਣ ਦੀ ਉਸਾਰੀ ਕਰਦਾ ਹੈ। ਅਧਾਰ ਬਣਾਉਂਦਾ ਹੈ। ਇਸ ਤਰਾਂ ਅਸੀਂ ਕਹਿ ਸਕਦੇ ਹਾਂ ਕਿ ਸਿਧਾਂਤ ਸਾਡੇ ਜੀਵਨ ਦੀ ਕਾਰਜਸ਼ੀਲਤਾ ਅਤੇ ਕਿਸੇ ਰਚਨਾ ਦੀ ਸਾਹਿਤਕਤਾ ਨਿਰਧਾਰਿਤ ਵਿੱਚ ਕਰਨ ਵਿਸ਼ੇਸ਼ ਹੋਂਦ ਰੱਖਦਾ ਹੈ।

ਜਦੋਂ ਸਿਧਾਂਤ ਦਾ ਸੰਬੰਧ ਸਾਹਿਤ ਨਾਲ ਜੋੜ ਦਿੱਤਾ ਜਾਂਦਾ ਹੈ ਤਾਂ ਸਾਹਿਤ ਸਿਧਾਂਤ ਦੀ ਉੱਤਪਤੀ ਹੁੰਦੀ ਹੈ। ਸਾਹਿਤ ਸਿਧਾਂਤ ਦੀ ਗੱਲ ਕਰਨ ਤੋਂ ਪਹਿਲਾ ਸਾਹਿਤ ਦੀ ਗੱਲ ਕਰਨਾ ਵਧੇਰੇ ਸਾਰਥਿਕ ਹੋਵੇਗਾ। ਸਾਹਿਤ-ਸ਼ਬਦ ਦੀ ਉੱਤਪਤੀ ਸੰਸਕ੍ਰਿਤ ਭਾਸ਼ਾ ਦੇ ਸ਼ਬਦ'ਸਾਹਿਤਯ'ਵਿਚੋਂ ਹੋਈ ਹੈ। ਜਿਸ ਦਾ ਕੋਸ਼ਗਤ ਅਰਥ ਹੈ ਸੰਯੋਗ, ਮੇਲ, ਸਾਥ ਆਦਿ। ਜਦੋਂ ਸ਼ਬਦਾਂ, ਪਦਾਂ ਅਤੇ ਵਾਕਾਂ ਦੇ ਸੰਯੋਗ ਨਾਲ ਇਕ ਪਾਠ ਵਿਕਸਿਤ ਹੁੰਦਾ ਹੈ ਤਾਂ ਉਸ ਪ੍ਰਬੰਧ ਨੂੰ ਸਾਹਿਤ ਕਹਿੰਦੇ ਹਨ। ਅਰਬੀ ਵਿਚ ਸਾਹਿਤ ਨੂੰ 'ਅਦਬ' ਭਾਵ ਸਲੀਕਾ ਜਾਂ ਸੁੰਦਰ ਤਰੀਕਾ ਅਤੇ ਅੰਗਰੇਜ਼ੀ ਵਿਚ ਇਸ ਨੂੰ 'ਲਿਟਰੇਚਰ' ਆਖਿਆਂ ਜਾਂਦਾ ਹੈ। ਸਿਰਫ਼ ਮਨੁੱਖ ਕੋਲ ਹੀ ਗਿਆਨਾਤਮਕ ਅਤੇ ਸਿਰਜਣਾਤਮਕ ਸ਼ਕਤੀ ਹੈ, ਮਨੁੱਖ ਜੋ ਵੀ ਵੇਖਦਾ ਸੁਣਦਾ ਹੈ ਅਤੇ ਜੋ ਅਨੁਭਵ ਕਰਦਾ ਹੈ, ਉਸ ਨੂੰ ਪ੍ਰੋੜ ਅਤੇ ਸੁੰਦਰ ਭਾਸ਼ਾ ਵਿਚ ਅਭਿਵਿਅਕਤ ਕਰਨ ਦੀ ਸਮਰੱਥ ਹੈ। ਇਸ ਕਾਰਜ ਲਈ ਗਹਿਰੀ ਸਮਝ ਦ੍ਰਿਸ਼ਟੀ, ਸਮਾਜ ਵਿਚ ਕੁਝ ਬਦਲਣ ਦੀ ਰੀਝ, ਸਮਾਜ ਨੂੰ ਕੁਝ ਸੇਧ ਦੇਣ ਦੀ ਇੱਛਾ ਆਦਿ ਰੁਚੀਆਂ ਕਾਰਜ ਕਰਦੀਆਂ ਹਨ। ਇਸ ਅਭਿਵਿਕਤੀ ਵਿਚ ਸਮੇਂ ਦੇ ਨਾਲ ਪਰਿਵਰਤਨ ਆਉਂਦੇ ਰਹਿੰਦੇ ਹਨ ਕਿਉਂਕਿ ਸਮੇਂ ਦੇ ਨਾਲ ਨਾਲ ਸਮਾਜ ਦਾ ਵਰਤਾਰਾ ਤੇ ਕਾਰਜ ਵੀ ਬਦਲਦੇ ਰਹਿੰਦੇ ਹਨ। ਇਸ ਸੰਬੰਧੀ ਹਿੰਦੀ ਦੇ ਸਾਹਿਤ ਸ਼ਾਸਤਰੀ ਨੰਦ ਕਿਸ਼ੋਰ ਨਵਲ ਦੀ ਧਾਰਨਾ ਵੀ ਸਹਿਮਤੀ ਪ੍ਰਗਟ ਕਰਦੀ ਦ੍ਰਿਸ਼ਟੀਗੋਚਰ ਹੁੰਦੀ ਹੈ:

*ਸਾਹਿਤ ਉਸੀ ਰਚਨਾ ਕੋ ਕਹਗੇ, ਜਿਸਮੇ ਕੋਈ ਸਚਾਈ ਪ੍ਰਗਟ ਕੀ ਗਈ ਹੋ, ਜਿਸਕੀ ਭਾਸ਼ਾ ਪ੍ਰੋੜ, ਪਰਮਾਰਜਿਤ ਔਰ ਸੁੰਦਰ ਹੋ, ਔਰ ਜਿਸਮੇਂ ਦਿਲ ਔਰ ਦਿਮਾਗ ਪਰ ਅਸਰ ਢਾਲਣੇ ਕਾ ਗੁਣ ਹੋ ਔਰ ਸਾਹਿਤਯ ਮੇਂ ਯਹ ਗੁਣ ਪੂਰਣ ਰੂਪ ਮੇਂ ਉਸੀ ਅਵਸਥਾ ਮੇਂ ਉਤੰਪਨ ਹੋਤਾ ਹੈ, ਜਬ ਉਸਮੇਂ ਜੀਵਨ ਕੀ ਸਚਾਈਆਂ ਔਰ ਅਨੁਭੁਤੀਆਂ ਵਿਅਕਤ ਕੀ ਗਈ ਹੋ।*[8]

ਕਈ ਵਾਰ ਲੇਖਕ ਸਮਾਜਿਕ ਵਰਤਾਰੇ ਦੇ ਅਜਿਹੇ ਅਨੁਭਵਾਂ ਨੂੰ ਵੀ ਆਪਣੀ ਰਚਨਾ ਵਿਚ ਸ਼ਾਮਿਲ ਕਰ ਦਿੰਦਾ ਹੈ ਜਿਸ ਬਾਰੇ ਉਸ ਨੇ ਸਿਰਫ ਸੁਣਿਆ ਹੁੰਦਾ ਹੈ ਜਾਂ ਫਿਰ ਕਿਤੇ ਪੜਿਆ ਹੁੰਦਾ ਹੈ। ਅਜਿਹੀ ਘਟਨਾ ਨੂੰ ਰਚਨਾ ਦਾ ਰੂਪ ਦੇਣਾ ਸਾਹਿਤ ਵਿਚ ਅਣਉਚਿਤ ਸਾਬਿਤ ਹੁੰਦਾ ਹੈ। ਕਿਉਂਕਿ ਅਜਿਹੀ

ਰਚਨਾ ਵਿਚ ਲੇਖਕ ਨਿਰਜਿੰਦ ਭਾਵ ਹੀ ਪੈਦਾ ਕਰ ਸਕਦਾ ਹੈ। ਸਾਹਿਤਕ ਰਚਨਾ ਵਿਚ ਸਾਰਥਕਤਾ ਅਤੇ ਭਾਵਾਂ ਵਿਚ ਜਾਨ ਉਹ ਰਚਨਾ ਹੀ ਪੈਦਾ ਕਰ ਸਕਦੀ ਹੈ ਜਿਸ ਨੂੰ ਲਿਖਣ ਵਾਲੇ ਨੇ ਸਮਾਜਿਕ ਅਨੁਭਵਾਂ ਨੂੰ ਵਿਅਕਤੀਗਤ ਰੂਪ ਵਿਚ ਹੰਢਾਇਆ ਹੋਵੇ ਜਾਂ ਕਲਪਨਾ ਸ਼ਕਤੀ ਨਾਲ ਆਪਣੇ ਵਿਚ ਜੀਵਿਆ ਹੋਵੇ। ਇਸ ਸੰਬੰਧੀ ਡਾ.ਟੀ.ਆਰ.ਵਿਨੋਦ ਰਚਨਾ ਵਿਚ ਸਮਾਜਿਕ ਅਨੁਭਵਾਂ ਦੀ ਵਿਸ਼ੇਸ਼ ਥਾਂ ਨਿਰਧਾਰਿਤ ਕਰਦਾ ਹੈ:

*ਸਾਹਿਤ ਵਿਚ ਪੇਸ਼ ਅਨੁਭਵ ਜਦੋਂ ਤੀਕ ਲੇਖਕ ਦੇ ਆਪੇ ਦਾ ਹਿੱਸਾ ਬਣ ਕੇ ਪੇਸ਼ ਨਹੀਂ ਹੁੰਦਾ, ਸਾਹਿਤ ਦਾ ਰੂਪ ਨਹੀਂ ਲੈ ਸਕਦਾ।* [9]

ਇਥੇ ਅਸੀਂ ਆਪੇ ਤੋਂ ਭਾਵ ਇਹ ਨਹੀਂ ਲੈਂਦੇ ਕਿ ਅਨੁਭਵ ਸਮਾਜਿਕ ਨਹੀਂ ਹੈ। ਆਪੇ ਤੋਂ ਭਾਵ ਅਸੀਂ ਇਹ ਲੈਂਦੇ ਹਾਂ ਕਿ ਲੇਖਕ ਜਿਸ ਅਨੁਭਵ ਨੂੰ ਵੀ ਆਪਣੀ ਰਚਨਾ ਵਿਚ ਰੂਪਮਾਨ ਕਰਦਾ ਹੈ। ਉਸ ਅਨੁਭਵ ਨੂੰ ਉਸ ਨੇ ਹੱਡੀ ਹਢਾਇਆ ਹੋਵੇ ਜਾਂ ਫਿਰ ਕਲਪਨਾ ਦੇ ਧਰਾਤਲ ਵਿਚ ਜਾ ਕਿ ਉਸ ਅਨੁਭਵ ਨੂੰ ਜਿ ਿਵਆ ਹੋਵੇ। ਨਹੀਂ ਤਾਂ ਉਸ ਦੀ ਰਚਨਾ ਬੇ-ਜਾਨ ਰਚਨਾ ਬਣ ਕੇ ਰਹਿ ਜਾਵੇਗੀ।

ਸਾਡੇ ਸਾਹਿਤ-ਸਾਸ਼ਤਰੀ ਸਾਹਿਤਕ ਰਚਨਾਵਾਂ ਨੂੰ ਸਮਝਣ ਅਤੇ ਪਰਖਣ ਲਈ ਜੋ ਪੈਮਾਨੇ ਅਤੇ ਪ੍ਰਤੀਮਾਨ ਆਪਣੀ ਸੁੰਘੜ ਤੇ ਦ੍ਰਿੜ ਤਰਕ ਦ੍ਰਿਸ਼ਟੀ ਦੇ ਅਧਾਰ ਤੇ ਸਥਾਪਿਤ ਕਰਦੇ ਹਨ ਉਨ੍ਹਾਂ ਨੂੰ ਸਾਹਿਤ ਸਿਧਾਂਤ ਦੀ ਸੰਗਿਆ ਵਿਚ ਰਖਿਆ ਜਾਂਦਾ ਹੈ। ਸਾਹਿਤ-ਸਿਧਾਂਤ ਦੀ ਆਪਣੀ ਵਿਲੱਖਣ ਦਰਸ਼ਨਿਕ, ਸਮਾਜਿਕ ਅਤੇ ਸਭਿਆਚਰਕ ਦ੍ਰਿਸ਼ਟੀ ਹੁੰਦੀ ਹੈ। ਸਾਹਿਤ-ਸਿਧਾਂਤ ਨੂੰ ਡਾ.ਦਵਿੰਦਰ ਸੈਫੀ ਦੀ ਇਸ ਧਾਰਨਾ ਨਾਲ ਸਮਝਿਆਂ ਜਾ ਸਕਦਾ ਹੈ:

*ਸਾਹਿਤ-ਸਿੱਧਾਂਤਕਾਰੀ ਸਹਿਤ ਦੀ ਗਹਿਰੀ ਸਮਝ ਚੇਤਨਾ ਅਤੇ ਜ਼ਿੰਮੇਵਾਰੀ ਦੀ ਭਾਵਨਾ ਵਿਚੋਂ ਜਨਮ ਲੈਣ ਵਾਲੀ ਉਹ ਕਾਰਜਵਿਧੀ ਹੈ, ਜਿਸ ਦੀ ਪ੍ਰਮਾਣਿਕਤਾ ਅਤੇ ਮੁੱਲਵਾਨਤਾ ਸੰਬੰਧਿਤ ਚਿੰਤਕ ਦੀ ਸਾਹਿਤ-ਮੰਥਨੀ ਸਮਰੱਥਾਂ ਅਤੇ ਸਮਾਜ-ਵਿਗਿਆਨਕ ਸੂਝ ਦੀ ਗਹਿਰਾਈ ਉਪਰ ਮੰਥਨੀ ਹੁੰਦੀ ਹੈ।* [10]

ਇਸ ਤਰਾਂ ਸਾਹਿਤ ਦੇ ਵਿਸ਼ਲੇਸ਼ਣ ਲਈ ਜਿਸ ਵਿਗਿਆਨਕ ਸੋਝੀ ਦੀ ਲੋੜ ਹੁੰਦੀ ਹੈ। ਉਹ ਐਵੇਂ ਹੀ ਪ੍ਰਾਪਤ ਨਹੀਂ ਹੁੰਦੀ। ਇਸ ਲਈ ਇਕ ਸਾਹਿਤ ਚਿੰਤਕ ਕਈ ਨੇਮ, ਜੁਗਤਾਂ ਅਤੇ ਵਿਧੀਆਂ ਨੂੰ ਨਿਜਾਤ ਕਰਦਾ ਹੈ ਅਤੇ ਇਨਾਂ ਦੀ ਪ੍ਰਮਾਣਿਕਤਾ ਨੂੰ ਸਮੇਂ ਦੀ ਲਮੇਰੀ ਪ੍ਰਕ੍ਰਿਆ ਵਿਚੋਂ ਦੀ ਗੁਜ਼ਾਰ ਕੇ ਆਪਣਾ ਇਕ ਪ੍ਰਮਾਣਿਕ ਮਾਡਲ ਤਿਆਰ ਕਰਦਾ ਹੈ। ਇਸ ਸਿਧਾਂਤ ਨਿਰਮਾਣ ਦੀ ਵਿਵਸਥਾ ਨੂੰ ਡਾ.ਜਗਬੀਰ ਸਿੰਘ ਅਤੇ ਸਤਿੰਦਰ ਸਿੰਘ ਰੈਬੀ ਦੀਆਂ ਇਹ ਧਾਰਨਾਵਾਂ ਵਧੇਰੇ ਸਪੱਸ਼ਟ ਕਰਦੀਆਂ ਨਜ਼ਰ ਆਉਂਦੀਆਂ ਹਨ ਸਤਿੰਦਰ ਸਿੰਘ ਰੈਬੀ ਹੈ:

*ਸਾਹਿਤ-ਸਿੱਧਾਂਤ ਮੂਲਰੂਪ ਵਿੱਚ ਸਾਹਿਤ ਦੇ ਸਿੱਧਾਂਤਕ ਵਿਵੇਚਨ ਨਾਲ ਸੰਬੰਧਿਤ ਅਨੁਸ਼ਾਸਨ ਹੈ। ਇਸਦਾ ਸਰੋਕਾਰ ਸਾਹਿਤ ਦੇ ਸਰੂਪ ਅਤੇ ਸੁਭਾਅ ਬਾਰੇ ਵਿਵੇਕ ਪੂਰਨ ਢੰਗ ਨਾਲ ਅਧਿਐਨ ਕਰਨ ਨਾਲ ਹੈ। ਇਹ ਸਾਹਿਤ ਨੂੰ ਅਣ-ਸਾਹਿਤ ਨਾਲੋਂ ਨਿਖੇੜਨ ਦਾ ਜਤਨ ਕਰਦਾ ਹੈ ਅਤੇ ਸਾਹਿਤਕ ਪ੍ਰਵਚਨ ਦੇ ਸਰਬ-ਸਮਾਨ ਗੁਣ-ਲੱਛਣਾਂ, ਉਦਾਸੀਆਂ ਸਿਰਜਨਾਤਮਕ ਵਿੱਲਖਣਤਾਵਾਂ ਅਤੇ ਵਿਧਾਗਤ ਵਿਸ਼ੇਸ਼ਤਾਵਾਂ ਦਾ ਲੇਖਾ-ਜੋਖਾ ਕਰਨ ਦਾ ਉਪਰਾਲਾ ਕਰਦਾ ਹੈ।* [11]

*ਸਾਹਿਤ ਸਿਧਾਂਤ ਵਿਚ ਉਹ ਨੇਮ, ਜੁਗਤਾਂ, ਮਾਡਲ ਅਤੇ ਵਿਧੀਆਂ ਆ ਜਾਂਦੇ ਹਨ ਜਿਨ੍ਹਾਂ ਨੂੰ ਸਾਹਿਤ ਅਧਿਐਨ ਲਈ ਅਧਾਰ ਵਸਤੂ ਵਜੋਂ ਲਿਆ ਜਾਂਦਾ ਹੈ ਜੋ ਸਾਹਿਤ ਤੇ ਸਾਹਿਤ-ਅਧਿਐਨ ਦੀ ਲੰਮੇਰੀ ਇਤਿਹਾਸਿਕ ਪ੍ਰਕਿਰਿਆ ਵਿਚੋਂ ਹੀ ਨਿਤਾਰੇ ਗਏ ਹੁੰਦੇ ਹਨ।* [12]

ਸਾਹਿਤ ਸਿਧਾਂਤ ਸੰਬੰਧੀ ਡਾ.ਦਵੇਸ਼ਵਰ ਦੀ ਆਲੋਚਨਾਤਮਕ ਦ੍ਰਿਸ਼ਟੀ ਵੀ ਇੰਨਾਂ ਵਿਚਾਰਾਂ ਦੀ ਪੇਸ਼ਕਾਰੀ ਕਰਦੀ ਹੈ:

*ਸਾਹਿਤ ਸਿਧਾਂਤ ਸਾਹਿਤ ਦੇ ਸਮਨਯ ਨਿਯਮਾਂ ਨੂੰ ਨਿਸ਼ਚਿਤ ਕਰਦਾ ਹੈ ਅਤੇ ਸਾਹਿਤ ਸਮੀਖਿਆ/ਆਲੋਚਨਾ ਇਨ੍ਹਾਂ ਸਮਾਨਯ ਗੁਣਾਂ ਦੇ ਅਧਾਰ'ਤੇ ਸਾਹਿਤਕ ਰਚਨਾਵਾਂ ਦੀ ਵਿਆਖਿਆ, ਵਿਸ਼ਲੇਸ਼ਣ ਤੇ ਮੁਲਾਂਕਣ ਕਰਦੀ ਹੈ।* [13]

ਇਸ ਤਰਾਂ ਅਸੀਂ ਕਹਿ ਸਕਦੇ ਹਾਂ ਕਿ ਸਾਹਿਤ ਸਿਧਾਂਤ ਇਕ ਅਜਿਹਾ ਅਨੁਸ਼ਾਸ਼ਨ ਹੈ ਜਿਸ ਦੁਆਰਾ ਕੋਈ ਰਚਨਾ ਸਾਹਿਤ ਜਾਂ ਅਣ-ਸਾਹਿਤ ਦਾ ਪ੍ਰਮਾਣ ਪ੍ਰਾਪਤ ਕਰਦੀ ਹੈ। ਸਿਧਾਂਤ ਦੁਆਰਾ ਰਚਨਾ ਦਾ ਲੇਖਾ-ਜੋਖਾ ਕਰਕੇ ਰਚਨਾ ਦੀ ਥਾਂ ਸਾਹਿਤ ਦੇ ਖੇਤਰ ਵਿਚ ਨਿਸ਼ਚਿਤ ਅਧਾਰ ਪ੍ਰਾਪਤ ਕਰਨ ਦੇ ਯੋਗ ਹੋ ਜਾਂਦੀ ਹੈ।

ਕਈ ਵਾਰ ਸਾਹਿਤ ਸਿਧਾਂਤ ਅਤੇ ਸਾਹਿਤ ਸਮੀਖਿਆ ਵਿਚ ਅੰਤਰ ਕਰਨਾ ਮੁਸ਼ਕੀਲ ਹੋ ਜਾਂਦਾ ਹੈ ਪਰ ਜੇ ਸਿਧਾਂਤਕ ਦ੍ਰਿਸ਼ਟੀ ਤੋਂ ਵੇਖਿਆ ਜਾਵੇ

ਤਾਂ ਇਨ੍ਹਾਂ ਵਿਚ ਬੁਨਿਆਦੀ ਅੰਤਰ ਸੱਪਸ਼ਟ ਹੋ ਜਾਂਦਾ ਹੈ। ਇਨ੍ਹਾਂ ਦੋਵਾਂ ਵਿਚ ਮੁੱਖ ਅੰਤਰ ਸਿੱਧਾਂਤ ਅਤੇ ਵਿਹਾਰ ਦਾ ਹੈ। ਜਿਸ ਨੂੰ ਇਸ ਧਾਰਨਾ ਨਾਲ ਸੱਪਸ਼ਟ ਕੀਤਾ ਜਾ ਸਕਦਾ ਹੈ:

*ਜੇ ਸਾਹਿਤ-ਸਿਧਾਂਤ ਸਾਹਿਤ ਦੇ ਸਿੱਧਾਂਤੀਕਰਨ ਵੱਲ ਰੁਚਿਤ ਹੈ ਤਾਂ ਸਾਹਿਤ-ਸਮੀਖਿਆ ਸਾਹਿਤਕ ਰਚਨਾਵਾਂ ਦੇ ਵਿਹਾਰਕ ਅਧਿਐਨ ਨਾਲ ਆਪਣਾ ਸਰੋਕਾਰ ਜੋੜਦੀ ਹੈ।*[14]

ਸਾਹਿਤ ਸਿਧਾਂਤ ਦਾ ਕਾਰਜ ਖੇਤਰ ਕੋਈ ਸੀਮਤ ਨਹੀਂ ਹੈ ਇਹ ਵਿਸ਼ਾਲ ਖੇਤਰ ਦਾ ਧਾਰਨੀ ਹੈ। ਸਾਹਿਤ ਸਿਧਾਂਤ ਰਚਨਾ-ਪਾਠ, ਆਲੋਚਨਾ-ਪਾਠ ਅਤੇ ਮੈਟਾ-ਆਲੋਚਨਾ-ਪਾਠ ਅਤੇ ਮੈਟਾ ਮੈਟਾ-ਆਲੋਚਨਾ ਜਾਂ ਫਿਰ ਇਸ ਤੋਂ ਵੀ ਅਗਾਂਹ ਤੱਕ ਆਪਣੀ ਪਹੁੰਚ ਨਿਰਧਾਰਿਤ ਕਰਦਾ ਹੈ। ਕਿਸੇ ਨਿਸ਼ਚਿਤ ਸਿਧਾਂਤ ਤੋਂ ਬਿਨਾਂ ਕੋਈ ਵੀ ਪਾਠ ਆਪਣਾ ਵਿਸ਼ੇਸ਼ ਅਰਥ ਪ੍ਰਾਪਤ ਨਹੀਂ ਕਰ ਸਕਦਾ। ਸਿਧਾਂਤਿਕ ਸਮਝ ਦੁਆਰਾ ਹੀ ਕੋਈ ਪਾਠ ਆਪਣੇ ਨਿਸ਼ਚਿਤ ਅਰਥਾਂ ਦਾ ਧਾਰਨੀ ਬਣਦਾ ਹੈ:

*ਸਿਰਜਣਾ ਤੋਂ ਲੈ ਕੇ ਮੈਟਾ ਅਧਿਐਨ ਜਾਂ ਇਸ ਤੋਂ ਵੀ ਅੱਗੇ ਤੱਕ ਸਿੱਧਾਂਤ ਅਧਿਏਤਾ ਦੀ ਮਾਨਸਿਕਤਾ ਦੇ ਅੰਗ-ਸੰਗ ਰਹਿਣਾ ਚਾਹੀਦਾ ਹੈ। ਜੇਕਰ ਸਿਰਜਕ, ਆਲੋਚਕ ਜਾਂ ਮੈਟਾ-ਆਲੋਚਕ ਅਧਿਐਨ ਕਾਰਜ ਸਮੇਂ ਸਿੱਧਾਂਤ ਦਾ ਪੱਲਾ ਛੱਡਦੇ ਹਨ ਤਾਂ ਉਹਨਾਂ ਦਾ ਸਮੁੱਚਾ ਅਧਿਐਨ-ਕਾਰਜ ਆਤਮਭਾਵੀ, ਆਪਹੁਦਰਾ, ਅਟਕਲ ਆਧਾਰਿਤ ਜਾਂ ਬੇਲਗਾਮ ਹੋ ਜਾਂਦਾ ਹੈ।*[15]

ਡਾ.ਹਰਿਭਜਨ ਸਿੰਘ ਭਾਟੀਆ ਦੀ ਧਾਰਨਾ ਤੋਂ ਇਹ ਸੱਪਸ਼ਟ ਹੋ ਜਾਂਦਾ ਹੈ ਕਿ ਸਾਹਿਤ ਸਿਰਜਣਾ ਤੋਂ ਮੈਟਾ ਆਲੋਚਨਾ ਤੱਕ ਜੇਕਰ ਕੋਈ ਸਿਧਾਂਤਿਕ ਅਧਾਰ ਨਿਸ਼ਚਿਤ ਨਹੀਂ ਹੋਵੇਗਾ ਤਾਂ ਸਾਹਿਤਕ ਕਾਰਜ ਆਤਮ-ਭਾਵੀ, ਆਪਹੁਦਰਾ ਅਤੇ ਬੇਲਗਾਮ ਸਾਬਿਤ ਹੁੰਦਾ ਹੈ। ਜਿਸ ਕਾਰਨ ਰਚਨਾ ਆਪਣਾ ਸਾਹਿਤਕ ਗੁਣ ਗੁਆ ਬੈਠਦੀ ਹੈ ਅਤੇ ਅਣ-ਸਾਹਿਤ ਦੀ ਸ਼੍ਰੇਣੀ ਵਿੱਚ ਆ ਜਾਂਦੀ ਹੈ।

ਇਥੇ ਇਕ ਗੱਲ ਧਿਆਨ ਰੱਖਣੀ ਚਾਹੀਦੀ ਹੈ ਕਿ ਸਾਹਿਤ ਸਿਧਾਂਤ ਦੇ ਨਾਲ ਨਾਲ ਸਾਹਿਤ ਸਿਧਾਂਤਕਾਰ ਦੀ ਹੋਂਦ ਵੀ ਵਿਸ਼ੇਸ਼ ਥਾਂ ਰੱਖਦੀ ਹੈ। ਕਿਸੇ ਵੀ ਸਿਧਾਂਤ ਦੀ ਰਚਨਾ ਵਿਚ ਸਿਧਾਂਤਕਾਰ ਦੀ ਚਿੰਤਨ ਦ੍ਰਿਸ਼ਟੀ ਦਾ ਬਹੁਤ ਮਹੱਤਵਪੂਰਨ ਥਾਂ ਹੈ। ਇਕ ਸਿਧਾਂਤਕਾਰ ਆਪਣੀ ਡੂੰਘੀ ਨੀਝ ਦ੍ਰਿਸ਼ਟੀ ਅਤੇ ਨਿਰਪੱਖ ਸੋਚ ਨਾਲ ਸਾਹਿਤ ਦੇ ਧੁਰ ਅੰਦਰ ਛਿਪੇ ਸਾਹਿਤਕ ਅਨੁਸ਼ਾਸ਼ਣਾਂ ਨੂੰ ਪਛਾਣ ਕੇ ਸਾਹਿਤ ਸਿਧਾਂਤ ਦੇ ਨਿਰਮਾਣ ਦੀ ਪ੍ਰੋੜ ਅਵਸਥਾਂ ਤੱਕ ਆਪਣੀ ਪਹੁੰਚ ਕਰਦਾ ਹੈ। ਕੋਈ ਸਿਧਾਂਤਕਾਰ ਜਿੰਨਾਂ ਯੋਗ ਅਤੇ ਵਿਦਵਾਨ ਹੋਵੇਗਾ ਉਸ ਦਾ ਸਿਧਾਂਤ ਵੀ ਉਨਾਂ ਹੀ ਸਾਰਥਕ, ਨਿਆਂਪੂਰਨ ਤੇ ਮੰਨਣਯੋਗ ਹੋਵੇਗਾ। ਇਸ ਸੰਬੰਧੀ ਡਾ.ਦਵਿੰਦਰ ਸੈਫੀ ਵੀ ਰਾਏ ਵਿਅਕਤ ਹੈ:

*ਸਾਹਿਤ ਸਿਧਾਂਤਕਾਰ ਦੀ ਗਹਿਰੀ ਤੇ ਸਾਂਵੀ ਨੀਝ ਨੇ ਹਰ ਪ੍ਰਕਾਰ ਦੀ ਮੁੱਲ-ਵਾਦਤਾ ਤੇ ਸੁੰਗੇੜ ਬਿਰਤੀ ਤੋਂ ਬਚਣ ਦੀ ਕੋਸ਼ਿਸ਼ ਕਰਕੇ, ਸਾਹਿਤ-ਪਰਖ ਦੇ ਉਨ੍ਹਾਂ ਮਾਨਦੰਡਾਂ ਦੀ ਖੋਜ ਕਰਨੀ ਹੁੰਦੀ ਹੈ, ਜੋ ਵਧੀਕ ਤੋਂ ਵਧੀਕ ਨਿਆਂਯੁਕਤ ਹੋਣ।*[16]

ਇਸ ਤਰਾਂ ਅਸੀਂ ਕਹਿ ਸਕਦੇ ਹਾਂ ਕਿ ਸਾਹਿਤ ਸਿਧਾਂਤ ਸਾਡੇ ਜੀਵਣ ਅਤੇ ਸਾਹਿਤ ਵਿੱਚ ਅਰਥਪੂਰਨ ਪਹਿਚਾਣ ਰੱਖਦਾ ਹੈ। ਸਿਧਾਂਤ ਦਾ ਅਧਾਰ ਸ੍ਰੋਤ ਤੱਥ ਹਨ। ਇਨਾਂ ਤੱਥਾਂ ਦੀ ਵਿਆਖਿਆ-ਵਿਸ਼ਲੇਸ਼ਣ ਦੀ ਨੀਤੀ ਤੋਂ ਸਿਧਾਂਤ ਦੀ ਉਤਪਤੀ ਹੁੰਦੀ ਹੈ ਅਤੇ ਫਿਰ ਇਹ ਸਿਧਾਂਤ ਲੰਮੇ ਸਮੇਂ ਦੀ ਘਾਲਣਾ ਵਿਚੋਂ ਗੁਜ਼ਰ ਕੇ ਆਪਣੀ ਪ੍ਰਮਾਣਿਕਤਾ ਨਿਰਧਾਰਿਤ ਕਰਦਾ ਹੋਇਆ ਸੁੰਤਤਰ ਹੋਂਦ ਦਾ ਧਾਰਨੀ ਬਣਦਾ ਹੈ। ਕੋਈ ਵੀ ਸਿਧਾਂਤ ਸਥਿਰ ਵਰਤਾਰਾ ਨਹੀਂ ਹੈ ਸਗੋਂ ਇਸ ਵਿਚ ਸਮੇਂ, ਸਥਾਨ ਅਤੇ ਸਥਿਤੀਆਂ ਦੇ ਅਧਾਰ ਤੇ ਪਰਿਵਤਨ ਆਉਂਦਾ ਰਹਿੰਦਾ ਹੈ। ਇਸ ਨੂੰ ਅਸੀਂ ਸਿਧਾਂਤਕ ਗਤੀਸ਼ੀਲਤਾ ਦਾ ਵੀ ਨਾਮ ਦੇ ਸਕਦੇ ਹਾਂ। ਇਕ ਸਾਹਿਤਕਾਰ ਸਮਾਜ ਵਿਚ ਰਹਿੰਦਾ ਹੋਇਆ ਸਮਾਜਿਕ ਵਰਤਾਰੇ ਵਿਚੋਂ ਜੋ ਅਨੁਭਵ ਗ੍ਰਹਿਣ ਕਰਦਾ ਹੈ ਉਸ ਅਨੁਭਵ ਨੂੰ ਰਚਨਾ ਦੇ ਰੂਪ ਵਿਚ ਅਭਿਵਿਅਕਤ ਕਰਕੇ ਪੇਸ਼ ਕਰਦਾ ਹੈ। ਇਸ ਅਭਿਵਿਅਕਤੀ ਦਾ ਉਦੇਸ਼ ਸਮਾਜ ਨੂੰ ਜਾਣਕਾਰੀ ਹਿਤ ਜਾਂ ਸੋਧ ਹਿਤ ਹੋ ਸਕਦਾ ਹੈ। ਸਾਹਿਤ ਵਿਚ ਸਮਾਜ ਦਾ ਹੀ ਪ੍ਰਤੀਬਿੰਬ ਹੁੰਦਾ ਹੈ। ਸਮਾਜਿਕ ਸਭਿਆਚਾਰ ਅਤੇ ਸਮਾਜਿਕ ਤਾਣੇ ਬਾਣੇ ਨੂੰ ਸਮੇਂ, ਸਥਾਨ ਅਤੇ ਸਥਿਤੀਆਂ ਦੇ ਅਨੁਸਾਰ ਅਨੁਭਵ ਦੀ ਕਸੌਟੀ ਉੱਪਰ ਨਿਤਾਰ ਕੇ ਰਚਨਾ ਦੇ ਰੂਪ ਵਿਚ ਸਾਕਾਰ ਕਰਨ ਨੂੰ ਸਾਹਿਤ ਕਿਹਾ ਜਾਂਦਾ ਹੈ। ਸਾਹਿਤ ਦੀ ਪ੍ਰਮਾਣਿਕਤਾ ਨੂੰ ਸਿੱਧ ਕਰਨ ਲਈ ਬਣਾਏ ਗਏ ਪ੍ਰਤੀਮਾਨਾਂ ਜਾਂ ਅਨੁਸ਼ਾਸ਼ਣਾਂ ਦੇ ਸਮੂਹ ਨੂੰ ਹੀ ਸਾਹਿਤ ਸਿਧਾਂਤ ਦਾ ਦਰਜਾ ਦਿੱਤਾ ਜਾਂਦਾ ਹੈ। ਇਹ ਦੋਵੇਂ ਅੰਤਰ-ਸੰਬੰਧਿਤ ਸਵੰਤਤਰ ਅਨੁਸ਼ਾਸਣ ਹਨ। ਸਾਹਿਤ ਦੇ ਧੁਰ ਅੰਦਰ ਛਿਪੇ ਅਨੁਸ਼ਾਸ਼ਣਾਂ ਅਤੇ ਸੰਕਲਪਾਂ ਦੇ ਸਮੂਹ ਨੂੰ ਇਕ ਸਿਧਾਂਤਕਾਰ ਆਪਣੀ ਦ੍ਰਿਸ਼ਟੀ ਅਧੀਨ ਲਿਆ ਕੇ ਸਾਹਿਤ ਸਿਧਾਂਤ ਦੇ ਰੂਪ ਵਿਚ ਸਾਕਾਰ ਕਰਦਾ ਹੈ। ਫਿਰ ਇਨ੍ਹਾਂ ਸਾਹਿਤ ਸਿਧਾਂਤਾਂ ਦੇ ਅਧਾਰ ਤੇ ਹੀ ਵੱਖ-ਵੱਖ

ਸਾਹਿਤਕ ਪਾਠਾਂ ਦੀ ਸਾਹਿਤਕਤਾ ਦੀ ਪਛਾਣ ਕਰਕੇ ਇਨ੍ਹਾਂ ਨੂੰ ਸਾਹਿਤ ਅਤੇ ਅਣ-ਸਾਹਿਤ ਦੀ ਸ਼੍ਰੇਣੀ ਵਿਚ ਰੱਖਿਆਂ ਜਾਂਦਾ ਹੈ। ਇਸ ਤੋਂ ਇਹ ਸੱਪਸ਼ਟ ਹੋ ਜਾਂਦਾ ਹੈ ਕਿ ਸਿਧਾਂਤ ਤੋਂ ਬਿਨਾਂ ਸਾਹਿਤ ਆਤਮਭਾਵੀ ਅਤੇ ਆਪਹੁਦਰਾ ਬਣ ਕੇ ਰਹਿ ਜਾਂਦਾ ਹੈ ਅਤੇ ਸਾਹਿਤ ਤੋਂ ਬਿਨਾਂ ਸਿਧਾਂਤ ਵੀ ਆਪਣਾ ਵਜ਼ੂਦ ਗ੍ਰਹਿਣ ਨਹੀਂ ਕਰ ਸਕਦਾ।

### *ਹਵਾਲੇ ਅਤੇ ਟਿੱਪਣੀਆਂ*


1. *ਹਰਿਭਜਨ ਸਿੰਘ, ਸਾਹਿਤ ਸ਼ਾਸਤਰ, ਗੁਰੂ ਨਾਨਕ ਦੇਵ ਯੁਨੀਵਰਸਿਟੀ, ਅਮ੍ਰਿਤਸਰ, ਪੰਨਾ:1*
2. *ਡਾ.ਪਿਆਰ ਸਿੰਘ, ਖੋਜ ਸਿਧਾਂਤ ਤੇ ਵਿਵਹਾਰ, ਪਬਲੀਕੇਸ਼ਨ ਬਿਊਰੋ, ਪਟਿਆਲਾ, ਪੰਨਾ:49*
3. *ਡਾ.ਹਰਿਭਜਨ ਸਿੰਘ ਭਾਟੀਆ, ਪੰਜਾਬੀ ਆਲੋਚਨਾ:ਸਿਧਾਂਤ ਤੇ ਵਿਹਾਰ, ਗੁਰੂ ਨਾਨਕ ਦੇਵ ਯੁਨੀਵਰਸਿਟੀ, ਅਮ੍ਰਿਤਸਰ, ਪੰਨਾ:22*
4. *ਡਾ.ਹਰਿਭਜਨ ਸਿੰਘ ਭਾਟੀਆ, ਪੰਜਾਬੀ ਆਲੋਚਨਾ:ਸਿਧਾਂਤ ਤੇ ਵਿਹਾਰ, ਗੁਰੂ ਨਾਨਕ ਦੇਵ ਯੁਨੀਵਰਸਿਟੀ, ਅਮ੍ਰਿਤਸਰ, ਪੰਨਾ:23*
5. *ਡਾ.ਦਵਿੰਦਰ ਸੈਫੀ, ਸਿਧਾਂਤਕਾਰੀ ਅਤੇ ਪੰਜਾਬੀ ਸਿਧਾਂਤਕਾਰੀ, ਲੋਕਗੀਤ ਪ੍ਰਕਾਸ਼ਨ, ਚਡੀਗੜ੍ਹ, ਪੰਨਾ:7*
6. *ਐਮ.ਐਚ.ਅਬਰਾਮਸ ਅਤੇ ਜਿਓਫਰੇ ਗਾਲਟ ਹਾਰਫਾਮ, ਏ ਗਲੋਸਰੀ ਆਫ ਲੀਟਰੇਰੀ ਟਰਮਸ, ਕੇਨਗੇਜ ਲਰਨਿੰਗ ਇੰਡੀਆ ਪ੍ਰਾਈਵੇਟ ਲੀਮਟਿਡ, ਪੰਨਾ:70*
7. *ਹਰਿਭਜਨ ਸਿੰਘ ਭਾਟੀਆ, ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, ਪੰਨਾ:10*
8. *ਨੰਦ ਕਿਸ਼ੋਰ ਨੰਵਲ, ਹਿੰਦੀ ਸਾਹਿਤ ਸ਼ਾਸਤਰ, ਵਾਣੀ ਪ੍ਰਕਾਸ਼ਨ, ਦਿੱਲੀ, ਪੰਨਾ:22*
9. *ਟੀ.ਆਰ.ਵਿਨੋਦ, ਪੰਜਾਬੀ ਨਾਵਲ:ਵਿਹਾਰਕ ਪਰਿਪੇਖ, ਰਵੀ ਸਾਹਿਤ ਪ੍ਰਕਾਸ਼ਨ, ਅਮ੍ਰਿਤਸਰ, ਪੰਨਾ:15*
10. *ਡਾ.ਦਵਿੰਦਰ ਸੈਫੀ, ਸਿਧਾਂਤਕਾਰੀ ਅਤੇ ਪੰਜਾਬੀ ਸਿਧਾਂਤਕਾਰੀ, ਲੋਕਗੀਤ ਪ੍ਰਕਾਸ਼ਨ, ਚਡੀਗੜ੍ਹ, ਪੰਨਾ:29*
11. *ਡਾ.ਜਗਬੀਰ ਸਿੰਘ, ਪੱਛਮੀ ਸਾਹਿਤ ਸਿਧਾਂਤ ਅਤੇ ਭਾਰਤੀ ਕਾਵਿ ਸ਼ਾਸਤਰ, ਪਬਲੀਕੇਸ਼ਨ ਬਿਊਰੋ, ਪਟਿਆਲਾ ਪੰਨਾ:7*
12. *ਸੰਤਿਦਰ ਸਿੰਘ ਰੈਬੀ, ਪ੍ਰੋ.ਕਿਸ਼ਨ ਸਿੰਘ ਸਾਹਿਤ-ਚਿੰਤਨ:ਵਿਧੀ ਤੇ ਵਿਹਾਰ, ਰਵੀ ਸਾਹਿਤ ਪ੍ਰਕਾਸ਼ਨ, ਅਮ੍ਰਿਤਸਰ, ਪੰਨਾ:14*
13. *ਡਾ.ਸੁਰਿੰਦਰ ਕੁਮਾਰ ਦਵੇਸ਼ਵਰ, ਪੰਜਾਬੀ ਸਾਹਿਤ ਤੇ ਸਾਹਿਤ ਆਲੋਚਨਾ, ਲੋਕਗੀਤ ਪ੍ਰਕਾਸ਼ਨ, ਚਡੀਗੜ੍ਹ, ਪੰਨਾ:30*
14. *ਡਾ.ਜਗਬੀਰ ਸਿੰਘ, ਪੱਛਮੀ ਸਾਹਿਤ ਸਿਧਾਂਤ ਅਤੇ ਭਾਰਤੀ ਕਾਵਿ ਸ਼ਾਸਤਰ, ਪਬਲੀਕੇਸ਼ਨ ਬਿਊਰੋ, ਪਟਿਆਲਾ ਪੰਨਾ:8*
15. *ਡਾ.ਹਰਿਭਜਨ ਸਿੰਘ ਭਾਟੀਆ, ਪੰਜਾਬੀ ਆਲੋਚਨਾ ਸਿਧਾਂਤ ਤੇ ਵਿਹਾਰ, ਗੁਰੂ ਨਾਨਕ ਦੇਵ ਯੁਨੀਵਰਸਿਟੀ, ਅਮ੍ਰਿਤਸਰ, ਪੰਨਾ:22*
16. *ਡਾ.ਦਵਿੰਦਰ ਸੈਫੀ, ਸਿਧਾਂਤਕਾਰੀ ਅਤੇ ਪੰਜਾਬੀ ਸਿਧਾਂਤਕਾਰੀ, ਲੋਕਗੀਤ ਪ੍ਰਕਾਸ਼ਨ, ਚਡੀਗੜ੍ਹ, ਪੰਨਾ:20*